ਅਚੱਲ ਸੰਪਤੀਆਂ ਦੀ ਵਿੱਕਰੀ ਸਬੰਧੀ ਨੋਟਿਸ

ICICI Home Finance | ਕਾਰਪੋਰੇਟ ਦਫਤਰ: ਆਈਸੀਆਈਸੀਆਈ ਹੋਮ ਫਾਇਨੈਂਸ ਕੰਪਨੀ ਲਿਮਟਿਡ ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ-400059 (ਭਾਰਤ)

ਬਰਾਂਚ ਦਫਤਰ: ਪਹਿਲੀ ਮੰਜ਼ਿਲ ਐਸਸੀਓ-146-147, ਫਿਰੋਜ਼ਗਾਂਧੀ ਮਾਰਕੀਟ, ਲੁਧਿਆਣਾ-141001
ਬਰਾਂਚ ਦਫਤਰ: ਪਹਿਲੀ ਮੰਜ਼ਿਲ, ਜੇਟੀਸੀ ਅਸਟੇਟ, ਸ਼ੋਅ ਰੂਮ ਨੰ. 3, ਭੁਪਿੰਦਰਾ ਰੋਡ, ਪਟਿਆਲਾ-147001
ਬਰਾਂਚ ਦਫਤਰ: ਦੂਸਰੀ ਮੰਜ਼ਿਲ, ਐਸਸੀਓ 337-38, ਸੈਕਟਰ 35-ਬੀ, ਚੰਡੀਗੜ੍ਹ-160022

ਰੂਲ 8 (6) ਦੀ ਪ੍ਰੋਵੀਜ਼ਨ ਦੇਖੋ

ਅਚੱਲ ਸੰਪਤੀਆਂ ਦੀ ਵਿੱਕਰੀ ਬਾਰੇ ਨੋਟਿਸ

ਸੁਰੱਖਿਆ ਵਿਆਜ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਨਾਲ ਪੜ੍ਹਿਆ ਗਿਆ ਹੈ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਸੁਰੱਖਿਅਤ ਕ੍ਰੈਡਿਟਰ ਕੋਲ ਗਿਰਵੀ/ਚਾਰਜ ਕੀਤੀ ਗਈ ਹੈ, ਜਿਸਦਾ ਭੌਤਿਕ ਕਬਜ਼ਾ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ। ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ, ਇੱਥੇ ਦਿੱਤੇ ਗਏ ਸੰਖੇਪ ਵੇਰਵਿਆਂ ਅਨੁਸਾਰ, 'ਜਿਵੇਂ ਹੈ ਜਿਥੇ ਹੈ', 'ਜਿਵੇਂ ਹੈ ਜਿਵੇਂ ਹੈ', ਅਤੇ 'ਜੋ ਵੀ ਹੈ' 'ਤੇ ਵੇਚਿਆ ਜਾਵੇਗਾ।

ਲੜੀ ਨੰ.	ਕਰਜ਼ਦਾਰ ਦਾ ਨਾਮ/ ਸਹਿ ਕਰਜ਼ਦਾਰ/ਗਰੰਟਰ/ ਕਾਨੂੰਨੀ ਵਾਰਸ (ਕਰਜ਼ ਦਾ ਅਕਾਊਂਟ ਨੰਬਰ)	ਸੁਰੱਖਿਆ ਸੰਪਤੀ ਦੇ ਵੇਰਵੇ, ਬੋਝ ਵਜੋਂ ਜੇਕਰ ਕੋਈ ਹੈ	ਬਕਾਇਆ ਰਾਸ਼ੀ	ਰਾਖਵੀਂ ਕੀਮਤ ਬਿਆਨਾ ਰਾਸ਼ੀ	ਸੰਪਤੀ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ	ਨਿਲਾਮੀ ਦੀ ਮਿਤੀ ਅਤੇ ਸਮਾਂ
(A)	(B)	(c)	(D)	(E)	(F)	(G)
1.	ਰਮਿੰਦਰ ਸਿੰਘ (ਕਰਜ਼ਦਾਰ) ਸੁਖਨੀਤ ਕੌਰ (ਸਹਿ-ਕਰਜ਼ਦਾਰ) ਲੋਨ ਅਕਾਊਂਟ ਨੰ: ਐਲਐਚਐਲਯੂਡੀ00001282574 & ਐਲਐਚਐਲਯੂਡੀ00001282575	ਖਸਰਾ ਨੰ. 43//8, 9,10/2, 11/3, 12, 13 ਖਾਤਾ ਨੰ. 389/403-390/404 ਐਚਬੀ ਨੰ. 101 ਅਬਾਦੀ ਜੋ ਗਗਨ ਵਿਹਾਰ ਲੁਧਿਆਣਾ ਪੰਜਾਬ-141005 ਵਜੋਂ ਜਾਣੀ ਜਾਂਦੀ ਹੈ	ਰੁਪਏ 25,97,879/- 03, ਮਾਰਚ 2023	ਰੁਪਏ 16,02,000/- ਰੁਪਏ 1,60,200/-	20, ਮਾਰਚ 2023 11:00 AM 03:00 PM	24, ਮਾਰਚ 2023 02:00 PM 03:00 PM
2.	ਸੁਰਿੰਦਰ ਸਿੰਘ (ਕਰਜ਼ਦਾਰ) ਜਸਪਾਲ ਕੌਰ (ਸਹਿ-ਕਰਜ਼ਦਾਰ) ਲੋਨ ਅਕਾਊਂਟ ਨੰ: ਐਨਐਚਆਰਜੇਪੀ 00001282517	ਨੰ 222/348 ਤੇ 367 ਖਸਰਾ ਨੰ 1044/375 ਮਿਨ (1-18) 00//1044/375 ਮਿਨ (1-5) 00//1048/378 ਮਿਨ (1-4) 1048/378 ਮਿਨ (1-8) 907/374 ਧਰਮਗੜ੍ਹ ਕਲਾਂ ਤਹਿਸੀਲ ਖੰਟ ਘਨੌਲੀ ਰਾਜਪੁਰਾ ਪੰਜਾਬ-140402	ਰੁਪਏ 5,67,061/- 03, ਮਾਰਚ 2023	ਰੁਪਏ 4,27,680/- ਰੁਪਏ 42,768/-	20, ਮਾਰਚ 2023 11:00 AM 03:00 PM	24, ਮਾਰਚ 2023 02:00 PM 03:00 PM
3.	ਭਾਰਤੇਂਦਰੂ ਸ਼ਰਮਾ (ਕਰਜ਼ਦਾਰ) ਪ੍ਰੇਮ ਲਤਾ ਸ਼ਰਮਾ (ਸਹਿ-ਕਰਜ਼ਦਾਰ) ਲੋਨ ਅਕਾਊਂਟ ਨੰ: ਐਨਐਚਐਮਓਐਚ00001334061	ਪਲਾਟ ਨੰ. 153 ਈਡਨ ਸਿਟੀ, ਨੇੜੇ ਦਰਪਨ ਸਿਟੀ ਐਸਏਐਸ ਨਗਰ ਖਰੜ	ਰੁਪਏ 16,78,554/- 03, ਮਾਰਚ 2023	ਰੁਪਏ 15,06,600/- ਰੁਪਏ 1,50,660/-	20, ਮਾਰਚ 2023 11:00 AM 03:00 PM	24, ਮਾਰਚ 2023 02:00 PM 03:00 PM

ਆਨਲਾਈਨ ਨਿਲਾਮੀ ਸਾਡੀ ਨਿਲਾਮੀ ਏਜੰਸੀ ਗਲੋਬ ਟੈਕ ਦੀ ਵੈੱਬਸਾਈਟ (URL Link-https://BestAuctionDeal.com) 'ਤੇ ਕਰਵਾਈ ਜਾਵੇਗੀ। ਗਿਰਵੀ ਰੱਖਣ ਵਾਲਿਆਂ/ਨੋਟਿਸ ਨੂੰ 23 ਮਾਰਚ, 2023 ਨੂੰ ਸ਼ਾਮ 05:00 ਵਜੇ ਤੱਕ ਹੋਰ ਵਿਆਜ ਸਮੇਤ ਕੁੱਲ ਬਕਾਇਆ ਦਾ ਭੁਗਤਾਨ ਕਰਨ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ ਨਹੀਂ ਤਾਂ ਇਹ ਸੁਰੱਖਿਅਤ ਸੰਪਤੀਆਂ ਉਪਰੋਕਤ ਅਨੁਸੂਚੀ ਅਨੁਸਾਰ ਵੇਚੀਆਂ ਜਾਣਗੀਆਂ।

ਸੰਭਾਵੀ ਬੋਲੀਕਾਰ (ਆਂ) ਨੂੰ ਲਾਜ਼ਮੀ ਤੌਰ 'ਤੇ ਬਿਆਨਾ ਜਮ੍ਹਾਂ (EMD) RTGS/ਡਿਮਾਂਡ ਡਰਾਫਟ (DD) (ਰੇਂਜ ਕਾਲਮ E) ICICI ਹੋਮ ਫਾਇਨਾਂਸ ਕੰਪਨੀ ਲਿਮਿਟਿਡ, ਪਹਿਲੀ ਮੰਜ਼ਿਲ, ਐਸਸੀਓ-146-147, ਫਿਰੋਜ਼ਗਾਂਧੀ ਮਾਰਕੀਟ, ਲੁਧਿਆਣਾ-141001 ਵਿਖੇ 23 ਮਾਰਚ, 2023 ਨੂੰ ਸ਼ਾਮ 04:00 ਵਜੇ ਤੋਂ ਪਹਿਲਾਂ ਜਮ੍ਹਾਂ ਕਰਨਾ ਚਾਹੀਦਾ ਹੈ। ਜਾਂ ਇਸ ਤੋਂ ਪਹਿਲਾਂ ਕਿਰਪਾ ਕਰਕੇ ਨੋਟ ਕਰੋ, ਸੰਭਾਵੀ ਸੰਪਤੀ ਵਿੱਚ ਬੋਲੀਕਾਰ (ਆਂ) ਉਪਰੋਕਤ ਦੱਸੇ ਸਮੇਂ ਅਨੁਸਾਰ ਆਪਣੀ ਪੇਸ਼ਕਸ਼ ਜਮ੍ਹਾਂ ਕਰਨ ਵਿੱਚ ਅਸਮਰੱਥ ਹਨ ਤਾਂ ਟੈਂਡਰ ਦਸਤਾਵੇਜ਼ਾਂ ਦੀ ਹਸਤਾਖਰਿਤ ਕਾਪੀ ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਿਟਿਡ, ਪਹਿਲੀ ਮੰਜ਼ਿਲ, ਐਸਸੀਓ-146-147, ਫਿਰੋਜ਼ਗਾਂਧੀ ਮਾਰਕੀਟ, ਲੁਧਿਆਣਾ-141001 ਵਿਖੇ 23 ਮਾਰਚ, 2023 ਨੂੰ ਸ਼ਾਮ 05:00 ਵਜੇ ਤੋਂ ਪਹਿਲਾਂ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕੀਤਾ ਜਾ ਸਕਦਾ ਹੈ। ਅਰਨੈਸਟ ਮਨੀ ਡਿਪਾਜ਼ਿਟ ਡਿਮਾਂਡ ਡਰਾਫਟ (DD) ਲੁਧਿਆਣਾ, ਪਟਿਆਲਾ, ਮੁਹਾਲੀ ਵਿਖੇ ਭੁਗਤਾਨ ਯੋਗ "ICICI Home Finance Company Ltd.-Auction" ਦੇ ਹੱਕ ਵਿੱਚ ਰਾਸ਼ਟਰੀਕ੍ਰਿਤ/ਅਨੁਸੂਚਿਤ ਬੈਂਕ ਤੋਂ ਹੋਣਾ ਚਾਹੀਦਾ ਹੈ।

ਨਿਲਾਮੀ ਦੇ ਨਿਰੀਖਣ, ਨਿਯਮਾਂ ਅਤੇ ਸ਼ਰਤਾਂ ਜਾਂ ਟੈਂਡਰ ਜਮ੍ਹਾਂ ਕਰਾਉਣ ਦੇ ਸਬੰਧ ਵਿੱਚ ਕਿਸੇ ਵੀ ਹੋਰ ਸਪਸ਼ਟੀਕਰਨ ਲਈ, ਕਿਰਪਾ ਕਰਕੇ 7021072869 'ਤੇ ICICI ਹੋਮ ਫਾਇਨਾਂਸ ਕੰਪਨੀ ਲਿਮਿਟਿਡ ਜਾਂ ਸਾਡੇ ਸੇਲਜ਼ ਐਂਡ ਮਾਰਕੀਟਿੰਗ ਪਾਰਟਨਰ ਨੇਕਸਜੇਨ ਸੋਲਿਊਸ਼ਨਜ਼ ਪ੍ਰਾਈਵੇਟ ਲਿਮਿਟਿਡ ਨਾਲ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਬਿਨਾਂ ਕੋਈ ਹੋਰ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਵਿੱਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://www.icicihfc.com/ 'ਤੇ ਜਾਓ।

ਮਿਤੀ: ਮਾਰਚ 07, 2023
ਜਗ੍ਹਾ: ਲੁਧਿਆਣਾ, ਪਟਿਆਲਾ, ਮੁਹਾਲੀ

ਅਧਿਕਾਰਤ ਅਫ਼ਸਰ
ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ

ਗੁਰੂ ਨਾਨਕ ਅਕੈਡਮੀ 'ਚ ਸੁਖ ਸ਼ਾਂਤੀ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਪੰਜਾਬ ਟਾਇਮਜ਼ ਖਬਰ

ਲਹਿਰਾਗਾਗਾ, 6 ਮਾਰਚ (ਹਰਬੰਸ ਭੁਟਾਲ)- ਪਿੰਡ ਲਹਿਲ ਕਲਾਂ ਵਿਖੇ ਗੁਰੂ ਨਾਨਕ ਅਕੈਡਮੀ ਚੋਂ ਆਉਣ ਵਾਲੇ ਵਰ੍ਹੇ ਦੀ ਸੁੱਖ ਸ਼ਾਂਤੀ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵਿਦਿਆਰਥੀਆਂ ਦੀ ਸੁੱਖ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਹਾਜ਼ਰੀ ਲਵਾਈ ਗਈ ਜਿਸ ਵਿੱਚ ਸਮੂਹ ਵਿਦਿਆਰਥੀਆਂ ਅਤੇ ਮਾਪਿਆਂ ਨੇ ਵੀ ਗੁਰੂ ਸਾਹਿਬ ਜੀ ਦੇ ਓਟ ਆਸਰੇ ਲਏ ਅਤੇ ਕਾਮਨਾ ਕੀਤੀ ਕੀ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਵਿਦਿਆਰਥੀ ਸਟੇਟ ਅਤੇ ਨੈਸ਼ਨਲ ਪੱਧਰ ਤੇ ਮੱਲਾਂ ਮਾਰਨ ਹਰ ਸਾਲ ਦੀ ਤਰਾਂ ਮੈਰਿਟ ਲਿਸਟ ਚੋ ਨਾਮ ਆਉਂਦੇ ਰਹਿਣ ਸੰਸਥਾ ਦੇ ਸੰਚਾਲਕ ਬਲਦੇਵ ਸਿੰਘ ਜੀ ਅਤੇ ਸਾਰੇ ਸਟਾਫ ਵੱਲੋਂ ਸ ਸੰਗਤ ਨੂੰ ਜੀ ਆਇਆਂ ਆਖਿਆ ਗਿਆ ਅਤੇ ਰਾਗੀ ਸਿੰਘ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗੁਰੂ ਨਾਲ ਜੋੜਿਆ ਇਸ ਮੌਕੇ ਤੇ ਇਲਾਕੇ ਦੀ ਸਮੁੱਚੀ ਲੀਡਰਸ਼ਿਪ ਨੇ ਹਾਜ਼ਰੀ ਭਰੀ ਜਿਸ ਗਿਆਨੀ ਨਿਰੰਜਣ ਸਿੰਘ ਭੁਟਾਲ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਜਥੇਦਾਰ ਜਗਰਾਜ ਸਿੰਘ ਭੁਟਾਲ ਜਸਵੀਰ ਸਿੰਘ ਕੁਦਨੀ ਸਰਪੰਚ ਜਸਵਿੰਦਰ ਸਿੰਘ ਰਿਪੀ ਸਰਪੰਚ ਬਲਜੀਤ ਸਿੰਘ ਲਹਿਲ ਕਲਾਂ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਜੰਟ ਸਿੰਘ ਭੁਟਾਲ ਵੀ ਵਿਸ਼ੇਸ਼ ਤੌਰ ਤੇ ਪਹੁੰਚੇ ਇਸ ਮੌਕੇ ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।

ਸਰਕਾਰ ਵੱਲੋਂ ਸ਼ੁਰੂ ਕੀਤੀ ਮੁਫਤ ਹੁਨਰ ਵਿਕਾਸ ਰੋਜਗਾਰ ਯੋਜਨਾ ਤਹਿਤ ਪਾਤੜਾਂ 'ਚ ਖੁੱਲ੍ਹਿਆ ਸੈਂਟਰ

ਪੰਜਾਬ ਟਾਇਮਜ਼ ਖਬਰ

ਪਾਤੜਾਂ, 6 ਮਾਰਚ (ਹਰਭਜਨ ਸਿੰਘ ਮਹਿਰੋਕ)- ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਪੰਜਾਬ ਸਰਕਾਰ ਵੱਲੋਂ ਮੁਫਤ ਵਿੱਚ ਸਿੱਖੋ ਅਤੇ ਰੁਜ਼ਗਾਰ ਪ੍ਰਾਪਤ ਕਰਨ ਦੇ ਲਈ ਦੀਨਦਿਆਲ ਉਪਾਦੀਆਂ ਗ੍ਰਾਮੀਣ ਕੁਸ਼ੱਲਿਆ ਯੋਜਨਾਂ ਤਹਿਤ ਵੱਖ ਵੱਖ ਕੰਪਿਊਟਰ ਕੋਰਸ ਵਿੱਚ ਦਾਖਲ ਲੈ ਕੇ ਹੁਨਰ ਪ੍ਰਾਪਤ ਕਰ ਸਕਦੇ ਹੋ ਹੁਣ ਇਹ ਸੈਂਟਰ ਪਾਤੜਾਂ ਵਿਖੇ ਸੰਗਤ ਹਸਪਤਾਲ ਉਪਰ ਬਣੀ ਬਿਲਡਿੰਗ ਵਿੱਚ ਖੁੱਲ ਗਿਆ ਹੈ ਇੱਥੇ ਵਿਸ਼ੇਸ਼ ਕੰਪਿਊਟਰ ਐਜੂਕੇਸ਼ਨ ਸੁਸਾਇਟੀ ਦੁਆਰਾ ਪਾਤੜਾਂ ਵਿੱਚ ਪਟਿਆਲਾ ਰੋਡ, ਸੰਗਤ ਹਸਪਤਾਲ ਦੀ ਪਹਿਲੀ ਮੰਜਿਲ ਉੱਤੇ ਖੋਲੇ ਗਏ ਸੈਂਟਰ ਚ ਕੰਪਿਊਟਰ ਨਾਲ ਸਬੰਧਿਤ ਕੋਰਸ ਅਤੇ ਕੁਕਿੰਗ ਦੀ ਟ੍ਰੇਨਿੰਗ ਲੈਣ ਲਈ ਫਰੀ ਦਾਖਲਾ ਲੈ ਸਕਦੇ ਹੋ, ਜਿਸ ਦੇ ਲਈ ਕਿਸੇ ਤਰਾਂ ਦੀ ਕੋਈ ਫੀਸ ਜਾ ਕੋਈ ਖਰਚਾ ਨਹੀਂ ਹੈ ਅਤੇ ਸਾਰੇ ਕੋਰਸ ਬਿਲਕੁਲ ਫਰੀ ਕਰਵਾਏ ਜਾਣਗੇ ਇਸ ਦੌਰਾਨ ਕੋਰਸ ਕਰਨ ਵਾਲੇ ਬੱਚਿਆਂ ਨੂੰ ਵਰਦੀ ਅਤੇ ਕਿਤਾਬਾਂ ਵੀ ਫਰੀ ਦਿੱਤੀਆਂ ਜਾਣਗੀਆਂ ਇਸ ਮੌਕੇ ਗੱਲਬਾਤ ਕਰਦਿਆ ਪ੍ਰਜੈਕਟ ਮੈਨੇਜਰ ਅਸਵਨੀ ਅਗਰਵਾਲ ਨੇ ਦੱਸਿਆ ਕਿ ਹੁਣ ਇਸ ਸੈਂਟਰ ਵਿੱਚ ਪਿੰਡ ਅਤੇ ਸ਼ਹਿਰੀ ਖੇਤਰ ਦੇ ਲੜਕੇ, ਲੜਕੀਆਂ ਦਾਖਲਾ ਲੈ ਸਕਦੀਆਂ ਹਨ ਇਹ ਕੋਰਸ ਪੂਰਾ ਕਰਨ ਤੋ ਬਾਅਦ ਬਚਿਆਂ ਨੂੰ ਪ੍ਰਾਇਵੇਟ ਕੰਪਨੀਆਂ ਵਿੱਚ ਨੌਕਰੀਆਂ ਤੇ ਵੀ ਲਗਾਈਆਂ ਜਾਵੇਗਾ ਤੇ ਪੂਰੇ ਕੋਰਸ ਦਾ ਸਰਕਾਰ ਵੱਲੋਂ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਇਸ ਮੌਕੇ ਉਹਨਾਂ ਨਾਲ ਸੈਂਟਰ ਹੈੱਡ ਰਾਕੇਸ਼ ਕੁਮਾਰ, ਐਮ ਆਈ ਐਸ ਗੁਰਸਹਿਬ ਸਿੰਘ ਸਮੇਤ ਵਿਦਿਆਰਥੀ ਹਾਜ਼ਰ ਸਨ।

ਹੋਲੇ ਮਹੱਲੇ ਦੌਰਾਨ ਪੁਲਿਸ ਨੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਬਜ਼ੁਰਗ ਔਰਤ ਨੂੰ ਵਿਛੜੇ ਪਰਿਵਾਰ ਨਾਲ ਮਿਲਾਇਆ

ਪੰਜਾਬ ਟਾਇਮਜ਼ ਖਬਰ

ਸ੍ਰੀ ਅਨੰਦਪੁਰ ਸਾਹਿਬ, 6 ਮਾਰਚ (ਦਵਿੰਦਰਪਾਲ ਸਿੰਘ/ਅੰਕੁਸ਼)- ਅਜੇ ਸਿੰਘ ਡੀ ਐਸ ਪੀ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਇੱਕ ਬਜ਼ੁਰਗ ਔਰਤ ਕਸ਼ਮੀਰ ਕੌਰ ਉਮਰ 75 ਸਾਲ ਪਤਨੀ ਲੇਟ ਬਲਵੀਰ ਸਿੰਘ ਵਾਸੀ ਮੱਤੇ ਦੀ ਪੱਤੀ ਵਲਟੋਹਾ ਜਿਲਾ ਤਰਨਤਾਰਨ ਜੋ ਕਿ ਆਪਣੇ ਪਿੰਡ ਦੀ ਸੰਗਤ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮੁਹੱਲਾ ਦੌਰਾਨ ਸੇਵਾ ਲਈ ਆਈ ਸੀ ਅਤੇ ਜੋ ਦਿਮਾਗੀ ਤੌਰ ਤੇ ਕੁਝ ਪ੍ਰੇਸ਼ਾਨ ਸੀ ਉਸ ਨੂੰ ਪੂਰੀ ਤਾਂ ਸੁਣਾਈ ਵੀ ਨਹੀਂ ਦੇ ਰਿਹਾ ਸੀ, ਇਹ ਔਰਤ ਕਰੀਬ 9 ਵਜੇ ਸਵੇਰੇ ਗੁਰਦੁਆਰਾ ਸ੍ਰੀ ਅਨੰਦਗੜ ਸਾਹਿਬ ਵਿਖੇ ਅਚਾਨਕ ਸੰਗਤ ਤੋਂ ਵਿੱਛੜ ਗਈ ਤੇ ਇੱਧਰ ਉਧਰ ਭਟਕਣ ਲੱਗੀ ਇਸ ਦੌਰਾਨ ਸਿਟੀ ਪੁਲਿਸ ਸ੍ਰੀ ਅਨੰਦਪੁਰ ਸਾਹਿਬ ਦੇ ਇਚਾਰਜ ਗੁਰਮੁੱਖ ਸਿੰਘ ਅਤੇ ਪੁਲਿਸ ਪਾਰਟੀ ਨੂੰ ਗੁਮਸ਼ੁਦਾ ਹੋਈ ਔਰਤ ਬਾਰੇ ਜਾਣਕਾਰੀ ਮਿਲੀ ਜਿਨਾਂ ਨੇ ਕਰੀਬ 2 ਘੰਟੇ ਦੀ ਪੁੱਛ-ਪੜਤਾਲ ਅਤੇ ਮਿਹਨਤ ਉਪਰੰਤ ਉਕਤ ਔਰਤ ਦੇ ਨਾਲ ਆਈ ਸੰਗਤ ਦਾ ਪਤਾ ਲੱਗਾ ਕੇ ਉਸ ਨੂੰ ਸੰਗਤ ਨਾਲ ਆਏ ਵਾਰਸਾਂ ਦੇ ਹਵਾਲੇ ਕੀਤਾ ਉਨ੍ਹਾਂ ਦੱਸਿਆ ਕਿ ਸਮੂਹ ਸੰਗਤ ਪਿੰਡ ਵਲਟੋਹਾ ਨੇ ਸਿਟੀ ਪੁਲਿਸ ਅਨੰਦਪੁਰ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਕਰਯੋਗ ਹੈ ਕਿ ਏ ਡੀ ਜੀ ਪੀ ਸ੍ਰੀ ਏ ਐਸ ਰਾਏ, ਆਈ ਜੀ ਪੁਲਿਸ ਗੁਰਪ੍ਰੀਤ ਸਿੰਘ ਭੁੱਲਰ ਅਤੇ ਐਸ ਐਸ ਪੀ ਰੂਪਨਗਰ ਵਿਵੇਕਸ਼ੀਲ ਸੋਨੀ ਵੱਲੋ ਹੋਲਾ ਮਹੱਲਾ ਮੌਕੇ ਡਿਊਟ ਤੇ ਤੈਨਾਤ ਪੁਲਿਸ ਅਧਿਕਾਰੀ ਤੇ ਕਰਮਚਾਰੀਆਂ ਨੂੰ ਹੋਲਾ ਮਹੱਲਾ ਮੌਕੇ ਸ਼ਰਧਾਲੂਆ ਤੇ ਸਥਾਨਕ ਲੋਕਾਂ ਨਾਲ ਚੰਗਾ ਵਿਹਾਰ ਕਰਨ ਤੇ ਮਿੱਤਰਤਾ ਵਾਲਾ ਵਤੀਰਾ ਰੱਖਣ ਲਈ ਪ੍ਰੇਰਿਤ ਕੀਤਾ ਗਿਆ ਹੈ ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹੋਲਾ ਮਹੱਲਾ ਦੀ ਡਿਊਟੀ ਸੇਵੀ ਦੀ ਭਾਵਨਾ ਨਾਲ ਕਰਨ ਲਈ ਪ੍ਰੇਰਿਤ ਕੀਤਾ ਹੈ।

ਮਲੌਦ ਵਰਕਸ਼ਾਪ 'ਚੋਂ ਗੱਡੀਆਂ ਦੇ ਟਾਇਰ ਤੇ ਬੈਟਰੀਆਂ ਚੋਰੀ
ਚੋਰਾਂ ਨੇ ਰਾਖੀ ਰੱਖਣ ਵਾਲੇ ਕੁੱਤੇ ਨੂੰ ਕੀਤਾ ਬੇਹੋਸ਼

ਘਟਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੋਹਣ ਸਿੰਘ, ਬੇਅੰਤ ਸਿੰਘ ਰੋੜੀਆਂ ਤੇ ਹੋਰ, ਬਿਨਾਂ ਟਾਇਰਾਂ ਤੋਂ ਖੜੀ ਗੱਡੀ ਦੀ ਤਸਵੀਰ

ਪੰਜਾਬ ਟਾਇਮਜ਼ ਖਬਰ

ਕੁੱਪ ਕਲਾਂ, 6 ਮਾਰਚ (ਰਵਿੰਦਰ ਸਿੰਘ ਰੇਸ਼ਮ)- ਪਾਇਲ ਦੇ ਅੰਤਰਗਤ ਪੈਂਦੇ ਕਸਬਾ ਮਲੌਦ ਇਲਾਕੇ ਅੰਦਰ ਚੋਰੀ ਅਤੇ ਲੁੱਟਖੋਹ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਆਏ ਦਿਨ ਚੋਰਾਂ ਅਤੇ ਲੁਟੇਰਿਆਂ ਵੱਲੋਂ ਕੋਈ ਨਾ ਕੋਈ ਵਾਰਦਾਤ ਨੂੰ ਅੰਜਾਮ ਦਿੱਤਾ ਜਾਂਦਾ ਹੈ ਲੰਘੇ ਦਿਨ ਮਲੌਦ ਵਿਖੇ ਡੇਂਟਿਗ-ਪੇਂਟਿਗ ਦਾ ਕੰਮ ਕਰਦੇ ਰੋੜੀਆਂ ਦੇ ਮਿਹਨਤੀ ਨੌਜਵਾਨ ਮਨਮੋਹਨ ਸਿੰਘ ਦੀ ਡੇਂਟਿਗ-ਪੇਂਟਿਗ ਵਰਕਸ਼ਾਪ ਵਿੱਚ ਕੰਮ ਲਈ ਆਈਆਂ ਗੱਡੀਆਂ ਨੂੰ ਚੋਰਾਂ ਨੇ ਆਪਣਾ ਨਿਸ਼ਾਨਾ ਬਣਾ ਉਨ੍ਹਾਂ ਵਿੱਚੋਂ ਟਾਇਰ ਅਤੇ ਬੈਟਰੀਆਂ ਕੱਢ ਲਈਆਂ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਨਮੋਹਨ ਸਿੰਘ ਵੱਲੋਂ ਦੱਸਿਆ ਗਿਆ ਕਿ ਰਾਤ ਨੂੰ ਤਕਰੀਬਨ ਇੱਕ ਵਜੇ ਦੇ ਲਗਭਗ ਚੋਰਾਂ ਵੱਲੋਂ ਮੇਰੀ ਵਰਕਸ਼ਾਪ ਵਿੱਚ ਕੰਮ ਕਰਨ ਲਈ ਆਈਆਂ ਦੋ ਗੱਡੀਆਂ ਦੇ ਟਾਇਰ ਉਤਾਰ ਕੇ ਉਨ੍ਹਾਂ ਨੂੰ ਇੱਟਾਂ ਦੇ ਸਹਾਰੇ ਖੜਾ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਬੈਟਰੀਆਂ ਵੀ ਉਤਾਰ ਲਈਆਂ ਗਈਆਂ ਇੱਥੇ ਹੀ ਬਸ ਨਹੀਂ ਚੋਰਾਂ ਵੱਲੋਂ ਪੇਂਟ ਮਸ਼ੀਨ ਦੀ ਮੋਟਰ, ਏ ਸੀ ਦੇ ਪੱਖੇ ਤੇ ਵਰਕਸ਼ਾਪ ਦੀਆਂ ਲਾਇਟਾਂ ਵੀ ਚੋਰੀ ਕਰ ਲਈਆਂ ਗਈਆਂ ਉਨ੍ਹਾਂ ਕਿਹਾ ਕਿ ਚੋਰਾਂ ਵੱਲੋਂ ਮੇਰੀ ਵਰਕਸ਼ਾਪ ਵਿੱਚ ਰੱਖੇ ਗਏ ਕੁੱਤੇ ਨੂੰ ਵੀ ਕਿਸੇ ਤਰੀਕੇ ਨਾਲ ਬੇਹੋਸ਼ ਕਰ ਦਿੱਤਾ ਗਿਆ ਜੋ ਸਵੇਰੇ ਦੇਖਣ ਤੇ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ ਇਸ ਮੌਕੇ ਇਕੱਤਰ ਈਸਵਰ ਸਿੰਘ, ਸੋਮੂ ਰੋੜੀਆਂ ਤੇ ਬੇਅੰਤ ਸਿੰਘ ਨੇ ਦੱਸਿਆ ਕਿ ਮਲੌਦ ਇਲਾਕੇ ਅੰਦਰ ਰਾਤ ਸਮੇਂ ਘਰ ਤੋਂ ਬਾਹਰ ਨਿਕਲਣਾ ਵੀ ਖਤਰੇ ਤੋਂ ਬਾਹਰ ਨਹੀਂ ਇਸ ਲਈ ਇਲਾਕੇ ਦੇ ਲੋਕਾਂ ਅੰਦਰ ਸਹਿਮ ਦਾ ਮਾਹੌਲ ਬਣ ਚੁੱਕਾ ਹੈ ਉਨ੍ਹਾਂ ਕਿਹਾ ਕਿ ਲੁਟੇਰਿਆਂ ਵੱਲੋਂ ਰਸਤਿਆਂ ਤੇ ਖੜ ਕੇ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਗੁਹਾਰ ਲਗਾਉਂਦਿਆਂ ਕਿਹਾ ਕਿ ਇਲਾਕੇ ਅੰਦਰ ਚੋਰਾਂ ਤੇ ਲੁਟੇਰਿਆਂ ਨੂੰ ਨੱਥ ਪਾਈ ਜਾਵੇ ਤਾਂ ਜੋ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ।

ਕੀ ਕਹਿਣਾ ਹੈ ਪੁਲਿਸ ਅਧਿਕਾਰੀਆਂ ਦਾ - ਜਦੋਂ ਇਸ ਪੂਰੀ ਘਟਨਾ ਸੰਬੰਧੀ ਥਾਣਾ ਮਲੌਦ ਦੇ ਮੁੱਖ ਅਫਸਰ ਨਾਲ ਫੋਨ ਤੇ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨਾਲ ਰਾਬਤਾ ਕਾਇਮ ਨਹੀਂ ਹੋ ਸਕਿਆ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਨਾਲ ਜਦੋਂ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਕੈਮਰੇ ਚੈੱਕ ਕਰ ਰਹੇ ਹਾਂ ਤੇ ਤਫਤੀਸ਼ ਜਾਰੀ ਹੈ

ਦਿਵਿਆਂਗ ਭਲਾਈ ਕੈਂਪ ਵਿੱਚ ਲੋਕਾਂ ਦੀ ਬਨਾਵਟੀ ਅੰਗਾਂ ਵਾਸਤੇ ਰਜਿਸਟਰੇਸ਼ਨ

ਪੰਜਾਬ ਟਾਇਮਜ਼ ਖਬਰ

ਸ਼ਹੀਦ ਭਗਤ ਸਿੰਘ ਨਗਰ, 6 ਮਾਰਚ (ਗੁਰਪ੍ਰੀਤ ਵਾਸੂ)- ਭਾਰਤ ਵਿਕਾਸ ਪਰੀਸ਼ਦ ਸ਼ਾਖਾ ਮੁਕੰਦਪੁਰ ਅਤੇ ਭਾਰਤ ਵਿਕਾਸ ਚੈਰੀਟੇਬਲ ਟਰੱਸਟ ਪੰਜਾਬ,ਲੁਧਿਆਣਾ ਵਲੋ ਸਮਾਜਿਕ ਨਿਆਂ ਅਤੇ ਅਧਿਕਾਰਿਤ ਵਿਭਾਗ ਭਾਰਤ ਸਰਕਾਰ ਦੇ ਸਹਿਯੋਗ ਨਾਲ ਪਰਾਚੀਨ ਸ਼ਿਵ ਮੰਦਰ ਮੁਕੰਦਪੁਰ ਵਿਖੇ ਲਗਾਇਆ ਗਿਆ ਕੈਂਪ ਵਿੱਚ ਕੰਨਾਂ ਦੀਆਂ ਮਸ਼ੀਨਾ ਲੋਕਾਂ ਦੀ ਬਨਾਵਟੀ ਅੰਗਾਂ ਅੱਜ ਦਿਤੇ ਗਏ ਬਾਬਾ ਮੰਗਾ, ਜਥੇਦਾਰ ਨਰਿੰਦਰ ਸਿੰਘ ਰਾਏ, ਪ੍ਰਿਪਾਲ ਬਜਾਜ ਅਤੇ ਪ੍ਰਿੰਸੀਪਲ ਜੋਗਿੰਦਰ ਸਿੰਘ ਨੇ ਕਿਹਾ ਕਿ ਵਿਕਲਾਂਗਾਂ ਦੀ ਭਲਾਈ ਵਾਸਤੇ ਬਹੁਤ ਘੱਟ ਸੰਸਥਾਵਾਂ ਕਾਰਜ ਕਰਦੀਆਂ ਹਨ ਇਸ ਵਿਲੱਖਣ ਉਪਰਾਲੇ ਵਾਸਤੇ ਮੁਕੰਦਪੁਰ ਸਾਖੀ ਦੇ ਪਰਬੰਧਕ ਵਧਾਈ ਦੇ ਪਾਤਰ ਹਨ ਕੈਂਪ ਦੇ ਪਰਬੰਧਾਂ ਵਾਸਤੇ ਸ਼ਿਵ ਮੰਦਰ ਪਰਬੰਧਕ ਕਮੇਟੀ,ਦੁਸਿਹਰਾ ਪਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ ਇਸ ਮੌਕੇ ਮਾਹਿਰਾਂ ਦੀ ਟੀਮ ਵਲੋਂ 34 ਲੋਕਾਂ ਨੂੰ ਬਨਾਵਟੀ ਅੰਗ ਲਗਾਉਣ ਲਈ ਚੁਣਿਆ ਸੀ ਸੰਸਥਾ ਦੇ ਪਰਧਾਨ ਦੇਸ ਰਾਜ ਬੰਗਾ ਨੇ ਦੱਸਿਆ ਕਿ 4 ਮਾਰਚ ਨੂੰ ਇਸੇ ਸਥਾਨ ਤੇ ਚੁਣੇ ਗਏ ਲੋਕਾਂ ਨੂੰ ਚਾਰ ਟਰਾਈਸਾਈਕਲ, 2 ਵੀਲਚੇਅਰ, 22 ਕੰਨਾਂ ਦੀਆਂ ਮਸ਼ੀਨਾਂ ਅਤੇ 6 ਹੋਰ ਬਨਾਵਟੀ ਅੰਗ ਫਿੱਟ ਕੀਤੇ ਜਾਣਗੇ ਇਸ ਮੌਕੇ ਅਨੂਪ ਕੇਸਰ ਪਰਧਾਨ ਪਰਾਚੀਨ ਸ਼ਿਵ ਮੰਦਰ ਪਰਬੰਧਕ ਕਮੇਟੀ,ਅਵਤਾਰ ਸਿੰਘ ਪਰਧਾਨ ਦੁਸਿਹਰਾ ਕਮੇਟੀ, ਸੁੱਚਾ ਸਿੰਘ ਝਿੰਗੜ,ਗੁਰਪ੍ਰੀਤ ਸਾਧਪੁਰ, ਕੁਲਦੀਪ ਬੰਗਾ,ਮੋਹਣ ਬੀਕਾ, ਐਡਵੋਕੇਟ ਜੇ ਕੇ ਦੱਤਾ,ਅਮਰਜੀਤ ਬਜਾਜ ਪਰਧਾਨ ਠਾਕੁਰ ਦੁਆਰਾ ਕਮੇਟੀ, ਨੀਰਜ ਭੱਲਾ, ਵਿੱਕੀ ਖੋਸਲਾ, ਜਸਵਿੰਦਰ ਸਿੰਘ,ਅਨਿਲ ਬਜਾਜ, ਗੋਲਡੀ ਬਜਾਜ, ਨਿਤਿਨ ਸੋਹਲੀ,ਸੁਭਾਸ਼ ਸੋਹਲੀ, ਰਮਨ ਸੋਹਲੀ, ਅਜੀਤ ਪਾਲ ਅਬਰੋਲ, ਮਹਿੰਦਰ ਸਿੰਘ ਰਾਣਾ,ਪ੍ਰਿਪਾਲ ਬਜਾਜ, ਸ਼ਸ਼ੀ ਬਜਾਜ, ਨਵਦੀਪ ਬਜਾਜ, ਅਜੇ ਸ਼ਰਮਾਂ, ਮਨੀ ਰਾਮ, ਅਤੇ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਮੁੱਖ ਮੰਤਰੀ ਦੇ ਭਾਗਾਂ 'ਚ ਨਹੀਂ ਲਿਖੀ ਗੁਰੂ ਨਗਰੀ ਦੀ ਸੇਵਾ: ਡਾ: ਦਿਲਜੀਤ ਸਿੰਘ ਚੀਮਾ

ਪੰਜਾਬ ਟਾਇਮਜ਼ ਖਬਰ

ਸ੍ਰੀ ਅਨੰਦਪੁਰ ਸਾਹਿਬ, 6 ਮਾਰਚ (ਦਵਿੰਦਰਪਾਲ ਸਿੰਘ/ਅੰਕੁਸ਼)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਭਾਗਾਂ ਵਿਚ ਇਸ ਗੁਰੂ ਨਗਰੀ ਦੀ ਸੇਵਾ ਕਰਨੀ ਸ਼ਾਇਦ ਨਹੀ ਲਿਖੀ ਗਈ ਇਹੀ ਕਾਰਨ ਹੈ ਕਿ ਉਹ ਮੁੱਖ ਮੰਤਰੀ ਬਣਨ ਤੋਂ ਬਾਅਦ ਦੋ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਏ ਪਰ ਇਥੇ ਲਈ ਕੋਈ ਵੀ ਐਲਾਨ ਨਹੀ ਕਰਕੇ ਗਏ ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦੱਲ ਦੇ ਬੁਲਾਰੇ ਤੇ ਸਾਬਕਾ ਕੈਬਨਿਟ ਮੰਤਰੀ ਡਾ:ਦਲਜੀਤ ਸਿੰਘ ਚੀਮਾ ਨੇ ਕੀਤਾ ਉਨ੍ਹਾਂ ਕਿਹਾ ਕਿ ਇਸ ਧਰਤੀ ਨੂੰ ਗੁਰੂ ਸਾਹਿਬ ਨੇ ਬਹੁਤ ਕੁਛ ਦਿਤਾ ਹੈ ਤੇ ਕੁੱਝ ਮੁੱਖ ਮੰਤਰੀਆ ਦੇ ਭਾਗ ਚੰਗੇ ਹੁੰਦੇ ਹਨ ਜੋ ਇਸ ਦੀ ਸੇਵਾ ਕਰ ਸਕਣ ਤੇ ਅਸੀਂ ਵੀ ਇਹ ਅਰਦਾਸ ਕਰਦੇ ਹਾਂ ਕਿ ਭਗਵੰਤ ਮਾਨ ਇਸ ਨਗਰੀ ਦੀ ਸੇਵਾ ਕਰ ਸਕਣ ਇਕ ਸੁਆਲ ਦੇ ਜੁਆਬ ਵਿਚ ਡਾ. ਚੀਮਾ ਨੇ ਕਿਹਾ ਕਿ ਮੀਡੀਆ ਦਾ ਗਲਾ ਐਮਰਜੈਂਸੀ ਦੇ ਦਿਨਾਂ ਵਾਂਗ ਘੁਟਿਆ ਜਾ ਰਿਹਾ ਹੈ ਜੋ ਅਫਸੋਸਨਾਕ ਹੈ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸੈਂਟਰਲ ਫੋਰਸ ਦਾ ਆਉਣਾ ਸਾਡੀ ਇਸ ਗੱਲ ਤੇ ਮੋਹਰ ਲਗਾਉਂਦਾ ਹੈ ਕਿ ਪੰਜਾਬ ਵਿਚ ਅਮਨ ਕਨੂੰਨ ਦੀ ਸਥੀਤੀ ਠੀਕ ਨਹੀ ਹੈ।

ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਬੀਬੀਆਂ ਦਾ ਸਵੈ ਨਿਰਭਰ ਹੋਣਾ ਜਰੂਰੀ - ਸਹਿਕਾਰ ਭਾਰਤੀ

ਪੰਜਾਬ ਟਾਇਮਜ਼ ਖਬਰ

ਬਾਬਾ ਬਕਾਲਾ ਸਾਹਿਬ, 5 ਮਾਰਚ (ਦਲਜੀਤ ਸਿੰਘ) - ਬੀਤੇ ਦਿਨ ਔਰਤ ਸਸਤਰੀਕਰਨ ਦਿਵਸ ਮੌਕੇ ਤੇ ਸਹਿਕਾਰ ਭਾਰਤੀ ਪੰਜਾਬ ਵਲੋਂ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਸੈਮੀਨਾਰ ਕਰਵਾਇਆ ਗਿਆ ਇਸ ਮੌਕੇ ਤੇ ਬੁਲਾਰਿਆਂ ਨੇ ਔਰਤਾਂ ਨੂੰ ਸਵੈ ਨਿਰਭਰ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਸੰਸਥਾ ਦੇ ਸੂਬਾ ਪ੍ਰਧਾਨ ਸ੍ਰੀ ਬਲਰਾਮ ਦਾਸ ਬਾਵਾ ਨੇ ਕਿਹਾ ਕਿ ਐਫ ਪੀ ਓ ਬਣਾ ਕੇ ਕੋਆਪਰੇਟਿਵ ਸੁਸਾਇਟੀਆਂ ਔਰਤਾਂ ਨੂੰ ਸਵੈ ਨਿਰਭਰ ਬਣਾਉਣ ਲਈ ਸਹਿਯੋਗ ਦੇਣ ਜਸਟਿਸ ਫਾਰ ਵੋਮੈਨ ਦੀ ਪ੍ਰਧਾਨ ਬੀਬੀ ਕਮਲਜੀਤ ਕੌਰ ਨੇ ਔਰਤਾਂ ਨੂੰ ਮਜਬੂਤ ਹੋਣ ਦੀ ਗੱਲ ਤੇ ਜੋਰ ਦਿੱਤਾ ਇਸ ਮੌਕੇ ਤੇ 20 ਅਗਾਂਹ ਵਧੂ ਔਰਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਭਾਗਪੁਰ, ਸੰਕਰ ਦਤ ਤਿਵਾੜੀ, ਸਤਨਾਮ ਕੌਰ, ਅੰਜੂ ਬਾਵਾ, ਸੰਦੀਪ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ ਅਤੇ ਜੋਤੀ ਸ਼ਰਮਾ ਆਦਿ ਵੀ ਹਾਜ਼ਰ ਸਨ।

ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਸਕੂਲ ਦੀ ਬਦਲੀ ਨੁਹਾਰ

ਸਿੱਖਿਆ
ਲਈ
ਸੇਵਾ
ਲਈ
ਸਾਡੇ

ਪੰਜਾਬ ਟਾਇਮਜ਼ ਖਬਰ

ਕੁੱਪ ਕਲਾਂ, 6 ਮਾਰਚ (ਰਵਿੰਦਰ ਸਿੰਘ ਰੇਸ਼ਮ)- ਸਰਕਾਰੀ ਪ੍ਰਾਇਮਰੀ ਸਕੂਲ ਉਮਰਪੁਰਾ ਦੀ ਮਾੜੀ ਹਾਲਤ ਨੂੰ ਦੇਖਦਿਆਂ ਪਿੰਡ ਉਮਰਪੁਰਾ ਦੇ ਐਨ ਆਰ ਆਈਜ਼ ਤੇ ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਦਿੱਤੇ ਵੱਡੇ ਸਹਿਯੋਗ ਸਦਕਾ ਸਕੂਲ ਦੀ ਖੂਬਸੂਰਤ ਦਿੱਖ ਖਿੱਚ ਦਾ ਕੇਂਦਰ ਬਣੀ ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਅਧਿਆਪਕਾ ਮੈਡਮ ਕਰਮਜੀਤ ਕੌਰ ਤੇ ਗੁਰਸ਼ਰਨ ਕੌਰ ਨੇ ਦੱਸਿਆ ਕਿ ਸਕੂਲ ਵਿੱਚ ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਇੰਟਰਲਾਕ ਟਾਇਲਾ, ਬਾਥਰੂਮਾਂ ਦਾ ਨਵੀਨੀਕਰਨ ਤੇ ਫੁੱਲ ਬੂਟੇ ਲਗਾਏ ਗਏ ਜਿਸ ਦੀ ਸਕੂਲ ਸਟਾਫ਼ ਅਤੇ ਪਿੰਡ ਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ਸਰਪੰਚ ਸੰਦੀਪ ਕੌਰ ਪੰਧੇਰ ਵੱਲੋਂ ਸਕੂਲ ਵਿੱਚ ਭਰਤ ਦੀ ਸੇਵਾ ਕਰਾਈ ਗਈ।

'ਸਰਕਾਰ ਤੁਹਾਡੇ ਦੁਆਰ' ਤਹਿਤ ਪਿੰਡ ਬੱਸੀਆਂ 'ਚ ਡੀਸੀ ਤੇ ਐਸਐਸਪੀ ਨੇ ਲੋਕਾਂ ਦੇ ਮਸਲੇ ਕੀਤੇ ਹੱਲ

ਪੰਜਾਬ ਟਾਇਮਜ਼ ਖਬਰ

ਜਗਰਾਓਂ, 6 ਮਾਰਚ (ਜਗਦੀਪ ਸੰਧੂ)- ਲੋਕਾਂ ਦੀਆਂ ਸ਼ਿਕਾਇਤਾਂ ਦਾ ਉਨ੍ਹਾਂ ਦੇ ਬੂਹਿਆਂ 'ਤੇ ਮੌਕੇ 'ਤੇ ਨਿਪਟਾਰਾ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਲੁਧਿਆਣਾ ਦਿਹਾਤੀ ਦੇ ਐਸਐਸਪੀ ਨਵਨੀਤ ਸਿੰਘ ਬੈਂਸ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਨਿਵੇਕਲੇ ਉਪਰਾਲੇ 'ਸਰਕਾਰ ਤੁਹਾਡੇ ਦੁਆਰ' ਤਹਿਤ ਵਿਸ਼ੇਸ਼ ਕੈਂਪ ਲਗਾਇਆ। ਕੈਂਪ ਵਿੱਚ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਅਤੇ ਮੁਸ਼ਕਿਲਾਂ ਅਤੇ ਸਮੱਸਿਆਵਾਂ ਨੂੰ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਐਸਐਸਪੀ ਨਵਨੀਤ ਸਿੰਘ ਬੈਂਸ ਨੇ ਧੀਰਜ ਨਾਲ ਸੁਣਿਆ ਅਤੇ ਬਹੁਤੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਮੁਖੀ ਵੀ ਹਾਜ਼ਰ ਸਨ ਅਤੇ ਉਨ੍ਹਾਂ ਆਪਣੇ ਵਿਭਾਗਾਂ ਨਾਲ ਸਬੰਧਤ ਲੋਕਾਂ ਦੇ ਸਵਾਲਾਂ ਅਤੇ ਸ਼ਿਕਾਇਤਾਂ ਦੇ ਜਵਾਬ ਦਿੱਤੇ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਮਲਿਕ ਨੇ ਕਿਹਾ ਕਿ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਅਜਿਹੇ ਕੈਂਪ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਵਿੱਚ ਜਾ ਕੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਉਨ੍ਹਾਂ ਕਿਹਾ ਕਿ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਹਰ ਹਫ਼ਤੇ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੇ ਮਸਲਿਆਂ ਦਾ ਹੱਲ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਪੰਜਾਬ ਸਰਕਾਰ ਦੀਆਂ ਸਕੀਮਾਂ ਨੂੰ ਵੀ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਅਤੇ ਕੈਂਪ ਵਿੱਚ ਹੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਆਮ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਕੋਈ ਵੀ ਲਾਭਪਾਤਰੀ ਇਸ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ। ਡਿਪਟੀ ਕਮਿਸ਼ਨਰ ਨੇ ਪਿੰਡ ਬੱਸੀਆਂ ਵਿੱਚ ਆਮ ਆਦਮੀ ਕਲੀਨਿਕ ਦੀ ਵੀ ਜਾਂਚ ਕੀਤੀ ਅਤੇ ਮਰੀਜ਼ਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਮਿਤ ਕੁਮਾਰ ਪੰਚਾਲ, ਡੀ ਐਸ ਪੀ ਰਛਪਾਲ ਸਿੰਘ ਢੀਂਡਸਾ, ਐਸਡੀਐਮ ਗੁਰਬੀਰ ਸਿੰਘ ਕੋਹਲੀ, ਸੀਨੀਅਰ ਆਪ ਆਗੂ ਗੁਰਦੇਵ ਸਿੰਘ ਬਾਵਾ ਆਦਿ ਹਾਜ਼ਰ ਸਨ।

ਤਾਰੋਂ ਪਾਰਲੀ ਜ਼ਮੀਨ ਦਾ ਮੁੱਦਾ ਉਠਾਉਣ ਲਈ ਰਜਨੀਸ਼ ਦਹੀਆ ਦਾ ਕੀਤਾ ਧੰਨਵਾਦ

ਪੰਜਾਬ ਟਾਇਮਜ਼ ਖਬਰ

ਮਮਦੋਟ, 6 ਮਾਰਚ (ਸੁਖਦੀਪ ਸਿੰਘ ਸੰਧੂ) - ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਰਜਨੀਸ਼ ਦਹੀਆ ਵਲੋਂ ਪੰਜਾਬ ਵਿਧਾਨ ਸਭਾ ਵਿੱਚ ਮਮਦੋਟ ਬਲਾਕ ਦੇ ਪਿੰਡ ਦੋਨਾ ਤੇਲੂ ਮੱਲ ਵਿੱਖੇ ਤਾਰੋਂ ਪਾਰ ਵਾਲੀ ਜਮੀਨ ਦਾ ਮੁੱਦਾ ਉਠਾਇਆ ਗਿਆ ਇਸ ਦੌਰਾਨ ਬੋਲਦਿਆਂ ਉਨ੍ਹਾਂ ਨੇ ਇਸ ਜਮੀਨ ਲਈ ਵਿਸ਼ੇਸ਼ ਪਾਲਿਸੀ ਬਣਾਉਣ ਦੀ ਮੰਗ ਕੀਤੀ ਤਾਂ ਕੇ ਬੇਜ਼ਮੀਨੇ ਲੋਕਾਂ ਨੂੰ ਇਸ ਜਮੀਨ ਦਾ ਲਾਭ ਮਿਲ ਸਕੇ ਇਸ ਮੌਕੇ ਤੇ ਧੰਨਵਾਦ ਕਰਨ ਵਾਲਿਆਂ ਵਿੱਚ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਬਲਾਕ ਪ੍ਰਧਾਨ ਬਲਵੀਰ ਸਿੰਘ ਫੱਤੇ ਵਾਲਾ, ਜਿਲਾ ਪ੍ਰਧਾਨ ਐਸ ਸੀ ਵਿੰਗ ਬਲਵਿੰਦਰ ਸਿੰਘ ਰਾਊਕੇ, ਸਰਕਲ ਪ੍ਰਧਾਨ ਗੁਰਨਾਮ ਸਿੰਘ ਹਜ਼ਾਰਾਂ, ਸੀਨੀਅਰ ਆਗੂ ਮੇਜਰ ਸਿੰਘ ਬੁਰਜੀ, ਸੰਜੀਵ ਕੁਮਾਰ ਧਵਨ ਮਮਦੋਟ, ਬਲਵਿੰਦਰ ਸਿੰਘ ਲੱਡੂ ਹਜ਼ਾਰਾਂ, ਦਲਜੀਤ ਸਿੰਘ ਜੋਸਨ ਰਹੀਮੇ ਕੇ, ਰਜਵੰਤ ਸਿੰਘ ਸੋਢੀ ਡਾਇਰੈਕਟਰ ਸੁਸਾਇਟੀਆਂ ਹਾਜ਼ਰ ਸਨ।

ਗੁ: ਜਨਮ ਅਸਥਾਨ ਬਾਬਾ ਅਕਾਲੀ ਫੂਲਾ ਸਿੰਘ ਪਿੰਡ ਦੇਹਲਾ ਸ਼ੀਹਾਂ ਦੇ ਮੌਜੂਦਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਬਾਗੜੀ ਦਾ ਦਿਹਾਂਤ

ਸੁਰਿੰਦਰ ਸਿੰਘ ਬਾਗੜੀ ਦੀ ਫਾਈਲ ਫੋਟੋ

ਪੰਜਾਬ ਟਾਇਮਜ਼ ਖਬਰ

ਮੂਣਕ, 6 ਮਾਰਚ, (ਕੁਲਵੰਤ ਸਿੰਘ ਦੇਹਲਾ)- ਗੁਰਦੁਆਰਾ ਜਨਮ ਅਸਥਾਨ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਦੇ ਮੌਜੂਦਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਬਾਗੜੀ ਦਾ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਰਕੇ ਦਿਹਾਂਤ ਹੋ ਗਿਆ ਹੈ ਮਿਲੀ ਜਾਣਕਾਰੀ ਅਨੁਸਾਰ ਸੁਰਿੰਦਰ ਸਿੰਘ ਕੁੱਝ ਸਾਲਾਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਹਰਿਆਣਾ ਦੇ ਟੋਹਾਣਾ ਸ਼ਹਿਰ ਦੇ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ ਸ਼ਨੀਵਾਰ ਬਾਅਦ ਦੁਪਹਿਰ ਕਰੀਬ 3 ਵਜੇ @ਦਿਲ ਦੀ ਧੜਕਣ ਰੁਕਣ ਕਾਰਨ ਉਹ ਦੁਨੀਆਂ ਤੋਂ ਰੁਖਸਤ ਹੋ ਗਏ ਜਿਕਰਯੋਗ ਹੈ ਕਿ ਭਾਈ ਸੁਰਿੰਦਰ ਸਿੰਘ ਬਾਗੜੀ ਪਿਛਲੇ ਕਈਂ ਸਾਲਾਂ ਤੋਂ ਗੁਰਦੁਆਰਾ ਸਾਹਿਬ ਨਿਰਸਵਾਰਥ ਇੱਕ ਸੱਚੇ ਸ਼ਰਧਾਲੂ ਦੀ ਤਰਾਂ ਸੇਵਾ ਕਰਦੇ ਆ ਰਹੇ ਸਨ ਉਨ੍ਹਾਂ ਦੀ ਦੇਖ ਰੇਖ ਹੇਠਾਂ ਬਾਬਾ ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਸਮਾਗਮ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਇਸ ਸਮਾਗਮ ਵਿਚ ਸ਼ਿਰਕਤ ਕਰਨ ਲਈ ਉਹ ਸੰਤ ਬਲਵੀਰ ਸਿੰਘ ਸੀਚੇਵਾਲ ਨੂੰ ਵੀ ਮਹੀਨਾ ਪਹਿਲਾਂ ਖੁਦ ਸੱਦਾ ਪੱਤਰ ਦੇ ਕੇ ਆਏ ਸਨ ਪਰ ਪ੍ਰਮਾਤਮਾਂ ਨੇ ਉਨ੍ਹਾਂ ਨੂੰ ਖੁਦ ਨੂੰ ਹੀ ਸ਼ਤਾਬਦੀ ਤੋਂ ਹਫਤਾ ਪਹਿਲਾਂ ਆਪਣੇ ਕਲਾਵੇ ਵਿਚ ਲੈ ਲਿਆ ਹੈ, ਉਨ੍ਹਾਂ ਦੀ ਮੌਤ ਨਾਲ ਸ਼ਹੀਦੀ ਸ਼ਤਾਬਦੀ ਦੀ ਤਿਆਰੀਆਂ ਵਿਚ ਜੁਟੀ ਸੰਗਤ ਨੂੰ ਵੱਡਾ ਸਦਮਾ ਲੱਗਿਆ ਹੈ ਸੁਰਿੰਦਰ ਸਿੰਘ ਸ਼ੁਰੂ ਵਿਚ ਗੁਰਦੁਆਰਾ ਸਹਿਬ ਵਿਖੇ ਬਤੌਰ ਸੈਕਟਰੀ ਕੰਮ ਕਰਦੇ ਰਹੇ ਅਤੇ ਹੁਣ ਮੌਜੂਦਾ ਪ੍ਰਧਾਨ ਦੇ ਅਹੁਦੇ ਤੇ ਕੰਮ ਰਹਿ ਕੇ ਬਾਬਾ ਜੀ ਦੇ ਪ੍ਰਚਾਰ ਅਤੇ ਪ੍ਰਸਾਰ ਦੀਆਂ ਸੇਵਾਵਾਂ ਵਿਚ ਲੱਗੇ ਹੋਏ ਸਨ, ਉਹਨਾ ਦੇ ਇਸ ਤਰ੍ਹਾਂ ਚਲੇ ਜਾਣ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਹਿਰਾ ਸਦਮਾ ਲੱਗਿਆ ਹੈ।

ਗੁਰੂ ਨਾਨਕ ਕਾਲਜ ਬੁਢਲਾਡਾ ਦੇ ਸਾਇੰਸ ਵਿਭਾਗ ਵੱਲੋਂ ਨੈਸ਼ਨਲ ਸਾਇੰਸ ਡੇਅ ਨੂੰ ਸਮਰਪਿਤ ਭਾਸ਼ਨ, ਕੁਇਜ ਅਤੇ ਪੋਸਟਰ ਤੇ ਮਾਡਲ ਪ੍ਰਦਰਸ਼ਨੀ ਮੁਕਾਬਲੇ

ਪੰਜਾਬ ਟਾਇਮਜ਼ ਖਬਰ

ਬੁਢਲਾਡਾ, 6 ਮਾਰਚ (ਪੰਜਾਬ ਟਾਇਮਜ਼ ਬਿਊਰੋ)- ਗੁਰੂ ਨਾਨਕ ਕਾਲਜ ਬੁਢਲਾਡਾ ਦੇ ਸਾਇੰਸ ਵਿਭਾਗ ਵੱਲੋਂ ਨੈਸ਼ਨਲ ਸਾਇੰਸ ਡੇ ਨੂੰ ਸਮਰਪਿਤ ਭਾਸ਼ਨ, ਕੁਇਜ ਅਤੇ ਪੋਸਟਰ ਤੇ ਮਾਡਲ ਪ੍ਰਦਰਸ਼ਨੀ ਆਦਿ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਾਬਕਾ ਵਾਇਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਇਸ ਮੌਕੇ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ, ਕਾਰਜਕਾਰੀ ਪ੍ਰਿੰਸੀਪਲ ਡਾ ਨਰਿੰਦਰ ਸਿੰਘ ਅਤੇ ਸਾਇੰਸ ਵਿਭਾਗ ਦੇ ਮੁਖੀ ਡਾ. ਜਤਿੰਦਰ ਸਿੰਘ ਨੇ ਵਿਦਿਆਰਥੀਆ ਨੂੰ ਨੈਸ਼ਨਲ ਸਾਇੰਸ ਡੇ ਦੀ ਮਹੱਤਤਾ ਦੱਸ ਕੇ ਸਮਾਗਮ ਨੂੰ ਸ਼ੁਰੂ ਕੀਤਾ ਭਾਸ਼ਨ, ਕੁਇਜ ਅਤੇ ਪੋਸਟਰ ਤੇ ਮਾਡਲ ਪ੍ਰਦਰਸ਼ਨੀ ਮੁਕਾਬਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜੋ ਭਾਸ਼ਨ ਮੁਕਾਬਲੇ ਵਿੱਚ ਆਂਚਲ, ਰੀਨਾ, ਲਵਪ੍ਰੀਤ ਅਤੇ ਪੋਸਟਰ ਤੇ ਮਾਡਲ ਪ੍ਰਦਸ਼ਨੀ ਮੁਕਾਬਲੇ ਵਿੱਚ ਸੋਨੀਆ ਤੇ ਸਲੋਨੀ, ਅਨਾਮੀਕਾ ਅਤੇ ਪ੍ਰਭਜੋਤ ਤੇ ਰਮਨਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਕੁਇਜ ਮੁਕਾਬਲੇ ਵਿੱਚ ਪ੍ਰਿਅੰਕਾ, ਪ੍ਰਭਜੋਤ, ਸੋਨੀਕਾ, ਤੰਨੂ ਅਤੇ ਕੋਮਲ ਦੀ ਟੀਮ ਜੇਤੂ ਰਹੀ ਜੇਤੂਆਂ ਨੂੰ ਮੁੱਖ ਮਹਿਮਾਨ ਡਾ. ਬਿਕਰਮਜੀਤ ਸਿੰਘ ਨੇ ਇਨਾਮ ਤਕਸੀਮ ਕੀਤੇ ਡਾ ਰਿਸ਼ੀ ਕੁਮਾਰ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਇਸ ਮੌਕੇ ਕਾਲਜ ਸਹਾਇਕ ਪ੍ਰੋਫੈਸਰ ਡਾ. ਧਰੁਵ ਕੁਮਾਰ, ਡਾ. ਹਰਦੀਪ ਸਿੰਘ, ਡਾ. ਰਾਜਦੀਪ ਕੌਰ, ਜਸਪ੍ਰੀਤ ਕੌਰ, ਪ੍ਰਿਅੰਕਾ, ਆਸ਼ੂ, ਹਰਵਿੰਦਰ ਕੌਰ, ਰਾਜਵੀਰ, ਗਗਨਦੀਪ ਸਿੰਘ, ਭੁਪਿੰਦਰ ਕੌਰ ਹਾਜ਼ਰ ਸਨ।

ਐਨ. ਐਸ. ਐਸ. ਵਲੰਟੀਅਰਾਂ ਦੀ ਇੱਕ ਰੋਜ਼ਾ ਵਰਕਸ਼ਾਪ

ਪੰਜਾਬ ਟਾਇਮਜ਼ ਖਬਰ

ਸ੍ਰੀ ਅਨੰਦਪੁਰ ਸਾਹਿਬ, 6 ਮਾਰਚ (ਦਵਿੰਦਰਪਾਲ ਸਿੰਘ/ਅੰਕੁਸ਼)- ਇਤਿਹਾਸਕ ਦਿਹਾੜੇ ਹੋਲੇ ਮਹੱਲੇ ਨੂੰ ਮੁੱਖ ਰੱਖਦੇ ਹੋਏ ਜਿਲਾ ਪ੍ਰਸ਼ਾਸਨ ਅਤੇ ਪੀਐਮਆਈਡੀਸੀ ਵਲੋਂ ਮੇਲੇ ਨੂੰ ਪਲਾਸਟਿਕ ਮੁਕਤ ਮਨਾਉਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਸਹਿਯੋਗ ਨਾਲ ਕਾਲਜ ਵਿਖੇ ਐਨ ਐਸ ਐਸ ਵਲੰਟੀਅਰਾਂ ਦੀ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਪੀ ਐਮ ਆਈ ਡੀ ਸੀ ਦੇ ਸਹਾਇਕ ਡਾਇਰੈਕਟਰ ਡਾ. ਨਰੇਸ਼ ਕੁਮਾਰ ਭਾਰਦਵਾਜ ਨੇ ਐਨ ਐਸ ਐਸ ਵਲੰਟੀਅਰਜ਼ ਨੂੰ ਹੋਲੇ ਮਹੱਲੇ ਨੂੰ ਪਲਾਸਟਿਕ ਮੁਕਤ ਮਨਾਉਣ ਲਈ ਟਰੇਨਿੰਗ ਦਿੱਤੀ ਵਲੰਟੀਅਰਾਂ ਨੂੰ ਦੱਸਿਆ ਗਿਆ ਕਿ ਮੇਲੇ ਦੌਰਾਨ ਸ਼ਹਿਰ ਵਿੱਚ ਆਉਣ ਵਾਲੀ ਸੰਗਤ/ਦੁਕਾਨਦਾਰਾਂ ਨੂੰ ਪਲਾਸਟਿਕ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਜਾਗਰੂਕ ਕੀਤਾ ਜਾਵੇ ਅਤੇ ਨਾਲ ਹੀ ਗਿੱਲੇ ਅਤੇ ਸੁੱਕੇ ਕੂੜੇ ਦੇ ਕੁਦਰਤੀ ਤਰੀਕੇ ਨਾਲ ਨਿਪਟਾਰੇ ਲਈ ਦੱਸਿਆ ਗਿਆ ਇਸ ਮੌਕੇ ਤੇ ਪ੍ਰੋਗਰਾਮ ਕੋਆਰਡੀਨੇਟਰ ਪੂਨਮ ਬੇਗੜਾ, ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ.ਜਸਵੀਰ ਸਿੰਘ, ਦਿਲਸ਼ੇਰਬੀਰ ਸਿੰਘ, ਮਨਜੀਤ ਸਿੰਘ, ਨਰੇਸ਼ ਸਿੰਘ, ਗੁਰਦੇਵ ਸਿੰਘ ਖਾਲਸਾ, ਬਲਰਾਜ ਸਿੰਘ, ਸੁਖਰਾਜ ਸਿੰਘ, ਜਸਵਿੰਦਰ ਕੌਰ, ਗੁਰਪ੍ਰੀਤ ਕੌਰ, ਨਰਿੰਦਰ ਸਿੰਘ, ਤ੍ਰਿਪਤਾ ਦੇਵੀ, ਹਰਪ੍ਰੀਤ ਕੌਰ, ਹਰਪ੍ਰੀਤ ਸਿੰਘ, ਉਂਕਾਰ ਸਿੰਘ, ਅਜੈ ਘੱਗਾ, ਰਾਜ ਘਈ ਆਦਿ ਹਾਜ਼ਰ ਸਨ।

ਪਿਛਲੇ 40 ਸਾਲਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਏ ਜਾ ਰਹੇ ਵਿਸ਼ੇਸ਼ ਲੰਗਰ 'ਚ ਸਮੋਸੇ, ਟਿੱਕੀਆਂ, ਭੱਲੇ, ਨੂਡਲਜ਼ ਤੋਂ ਇਲਾਵਾ ਅਨੇਕਾਂ ਤਰ੍ਹਾਂ ਦੇ ਪਕਵਾਨ ਸ਼ਾਮਿਲ: ਬਾਬਾ ਅਮਰਤੇਜ ਸਿੰਘ



ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਏ ਲੰਗਰ ਬਾਰੇ ਜਾਣਕਾਰੀ ਦਿੰਦੇ ਹੋਏ ਬਾਬਾ ਅਮਰਤੇਜ ਸਿੰਘ ਜੀ ਅਤੇ ਹੋਰ।

ਪੰਜਾਬ ਟਾਇਮਜ਼ ਖਬਰ

ਸ੍ਰੀ ਅਨੰਦਪੁਰ ਸਾਹਿਬ, 6 ਮਾਰਚ (ਦਵਿੰਦਰਪਾਲ ਸਿੰਘ)- ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਕੌਮੀ ਤਿਉਹਾਰ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਸਮੇਤ ਹੋਰਨਾਂ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਆਉਂਦੀ ਵੱਡੀ ਗਿਣਤੀ ਵਿਚ ਸੰਗਤ ਦੀ ਸਹੂਲਤ ਲਈ ਜਿੱਥੇ ਅਨੇਕਾਂ ਲੰਗਰ ਲਗਾਏ ਜਾਂਦੇ ਹਨ ਉੱਥੇ ਪਿਛਲੇ 40 ਸਾਲਾਂ ਤੋਂ ਸੰਤ ਬਾਬਾ ਸ਼ਾਮ ਸਿੰਘ ਸ਼ਾਮਚੁਰਾਸੀ ਵਾਲਿਆਂ ਦੀ ਅਗਵਾਈ ਵਿਚ ਲੰਗਰ ਦੀ ਸੇਵਾ ਕਰ ਰਹੀ ਪਿੰਡ ਬੋਸਤਾਨੀ ਜ਼ਿਲ੍ਹਾ ਹੁਸ਼ਿਆਰਪੁਰ ਦੀ ਸੰਗਤ ਵਲੋਂ ਹਰ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੰਗਰ ਲਗਾਇਆ ਜਾਂਦਾ ਹੈ ਇਸ ਵਾਰ ਇਹ ਲੰਗਰ ਬਾਬਾ ਅਮਰਤੇਜ ਸਿੰਘ ਜੀ ਦੀ ਅਗਵਾਈ ਵਿਚ ਹਲਕਾ ਸ਼ਾਮਚੁਰਾਸੀ ਦੀਆਂ ਸੰਗਤਾਂ ਵਲੋਂ ਲਗਾਇਆ ਗਿਆ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਅਮਰਤੇਜ ਸਿੰਘ ਜੀ ਬੋਸਤਾਨੀ ਨੇ ਦੱਸਿਆ ਕਿ ਪਿਛਲੇ 75 ਸਾਲਾਂ ਤੋਂ ਲਗਾਏ ਜਾ ਰਹੇ ਇਸ ਲੰਗਰ ਵਿਚ ਸਮੋਸੇ, ਟਿੱਕੀਆ, ਭੱਲੇ, ਨੂਡਲਜ਼ ਆਦਿ ਤੋਂ ਇਲਾਵਾ ਅਨੇਕਾਂ ਤਰਾਂ ਦੇ ਪਕਵਾਨ ਸੰਗਤਾਂ ਲਈ ਤਿਆਰ ਕੀਤੇ ਜਾਂਦੇ ਹਨ। ਉਹਨਾਂ ਦੱਸਿਆ ਕਿ ਇਹ ਲੰਗਰ ਪਿਛਲੇ ਸਮਿਆਂ ਵਿਚ ਗੁਰਦੁਆਰਾ ਭੋਰਾ ਸਾਹਿਬ ਵਿਖੇ ਲਗਾਇਆ ਜਾਂਦਾ ਸੀ ਹੁਣ ਪਿਛਲੇ ਕਈ ਸਾਲਾਂ ਤੋਂ ਇਹ ਲੰਗਰ ਗੁਰਦੁਆਰਾ ਕਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਲਗਾਇਆ ਜਾਂਦਾ ਹੈ। ਇਸ ਮੌਕੇ ਉਹਨਾਂ ਨਾਲ ਭਾਈ ਅਮਰੀਕ ਸਿੰਘ, ਬਾਬਾ ਕਿਰਪਾਲ ਸਿੰਘ, ਸੁਖਵਿੰਦਰ ਸਿੰਘ, ਜਗਤ ਸਿੰਘ, ਪਰਮਜੀਤ ਸਿੰਘ, ਸੁੱਚਾ ਸਿੰਘ, ਅਜੀਤ ਸਿੰਘ, ਚਰਨ ਸਿੰਘ, ਲਖਵਿੰਦਰ ਸਿੰਘ, ਕੁਲਵੰਤ ਸਿੰਘ, ਰਜਿੰਦਰ ਸਿੰਘ ਰਾਹੀ, ਅਮਰਦੀਪ ਸਿੰਘ ਸੰਧੂ ਆਦਿ ਵੀ ਹਾਜ਼ਰ ਸਨ।

ਗੁਰਦੁਆਰਾ ਸਿੰਘ ਸਭਾ ਦੀ ਕਮੇਟੀ ਵੱਲੋਂ ਇਨਸਾਫ ਨਾ ਮਿਲਣ 'ਤੇ ਅੱਜ ਕੀਤਾ ਜਾਵੇਗਾ ਥਾਣੇ ਦਾ ਘਿਰਾਓ : ਪਰਮਜੀਤ ਸਿੰਘ

ਪੰਜਾਬ ਟਾਇਮਜ਼ ਖਬਰ

ਦਸੂਹਾ, 6 ਮਾਰਚ (ਤਜਿੰਦਰ ਸਿੰਘ, ਅਜੇ ਕੁਮਾਰ)- ਗੁਰਦੁਆਰਾ ਸਿੰਘ ਸਭਾ ਸੋਸਾਇਟੀ ਮਿਆਣੀ ਰੋਡ ਦਸੂਹਾ ਵਲੋਂ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ. ਜਿਸ ਵਿੱਚ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ, ਅਮਰੀਕ ਸਿੰਘ ਗੱਗੀ, ਜਗਮੋਹਨ ਸਿੰਘ ਲਾਡੀ ਪੁਰੀ, ਲੱਕੀ, ਤਰਸੇਮ ਸਿੰਘ ਖਾਲਸਾ, ਮਨਜੀਤ ਸਿੰਘ ਦਸੂਹਾ, ਜੁਗਿੰਦਰ ਸਿੰਘ ਭਾਟੀਆ, ਬੱਬੀ ਭਾਟੀਆ ਹੋਰਾਂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਇਸ ਰਜਿਸਟਰਡ ਕਮੇਟੀ ਨੂੰ ਕੋਈ ਵੀ ਸਹਿਯੋਗ ਨਹੀਂ ਦਿੱਤਾ ਜਾ ਰਿਹਾ. ਜੋ ਕੇਸ ਦਰਜ ਕੀਤਾ ਗਿਆ ਹੈ ਉਸ ਸੰਬਧੀ ਵੀ ਕੋਈ ਗਿਰਫਤਾਰੀ ਨਹੀਂ ਕੀਤੀ ਜਾ ਰਹੀ ਹੈ. ਉਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਸਮੂਹ ਕਮੇਟੀ ਮੈਂਬਰਾਂ ਵਲੋਂ ਫੈਸਲਾ ਲਿਆ ਗਿਆ ਹੈ ਕਿ ਅੱਜ 7 ਮਾਰਚ ਨੂੰ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾ ਨੂੰ ਨਾਲ ਲੈਕੇ ਪੁਲਿਸ ਸਟੇਸ਼ਨ ਦਸੂਹਾ ਦਾ ਘਿਰਾਓ ਕੀਤਾ ਜਾਵੇਗਾ ਅਤੇ ਕੌਮੀ ਰਾਜ ਮਾਰਗ ਤੇ ਅਵਾਜਾਈ ਠੱਪ ਕੀਤੀ ਜਾਵੇਗੀ. ਇਸ ਸਮੇਂ ਕਮੇਟੀ ਮੈਂਬਰ ਮਨਜੀਤ ਸਿੰਘ ਦਸੂਹਾ ਨੇ ਕਿਹਾ ਕਿ ਉਹ ਐਸ ਜੀ ਪੀ ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੀ ਮਿਲ ਚੁੱਕੇ ਹਨ. ਉਨਾਂ ਕਿਹਾ ਕਿ ਇਹ ਮਾਮਲਾ ਐਸ ਐਸ ਪੀ ਹੁਸ਼ਿਆਰਪੁਰ ਅਤੇ ਐਸ ਡੀ ਐਮ ਦਸੂਹਾ ਦੇ ਵਿਚਾਰ ਅਧੀਨ ਵੀ ਹੈ. ਉਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਹੈ. ਜਦਕਿ ਅਸੀ ਸ਼ਾਂਤੀਪੂਰਵਕ ਕੰਮ ਕਰ ਰਹੇ ਹਾਂ ਅਤੇ ਇਨਸਾਫ ਨਾ ਮਿਲਣ ਤੇ ਅਸੀਂ 7 ਮਾਰਚ ਨੂੰ ਦਸੂਹਾ ਥਾਣੇ ਦਾ ਘਿਰਾਓ ਕਰਨ ਲਈ ਮਜਬੂਰ ਹੋ ਰਹੇ ਹਾਂ. ਜਿਸ ਦੀ ਪੂਰੀ ਜਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ. ਇਸ ਮੌਕੇ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਦਵਿੰਦਰ ਸਿੰਘ ਖਾਲਸਾ, ਪੰਥਕ ਅਕਾਲੀ ਦਲ ਦੇ ਮੈਂਬਰ ਖੁਸ਼ਵੰਤ ਸਿੰਘ, ਸ਼ੇਰ ਸਿੰਘ, ਕਮਲਪ੍ਰੀ ਸਿੰਘ, ਪਵਿੱਤਰਪਾਲ ਸਿੰਘ ਮਾਸਟਰ ਨਰਿੰਦਰਜੀਤ ਸਿੰਘ, ਨੋਬਲਜੀਤ ਸਿੰਘ ਖਾਲਸਾ, ਅਮਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਬਾਜਵਾ ਅਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ।